ਡਾ. ਸਤਿੰਦਰ ਸਿੰਘ ਨੂਰ

# ਭਾਰਤੀ ਸਮੂਹਕ ਅਵਚੇਤਨ ਦਾ ਰੂਪਾਂਤ੍ਰਣ ਅਤੇ *ਦਸਮ ਗ੍ਰੰਥ*

**ਸਮਾਜ** ਦੇ ਸਭਿਆਚਾਰ ਦੇ ਵਿਕਾਸ ਵਿਚ ਉਸ ਦਾ ਸਮੂਹਕ ਅਵਚੇਤਨ (collective subconscious) ਮਹੱਤਵ ਯੋਗ ਹੁੰਦਾ ਹੈ, ਕਿਉਂਕਿ ਸਮੂਹਕ ਅਵਚੇਤਨ ਦੋ ਚਾਰ ਸਾਲਾਂ ਵਿਚ ਨਹੀਂ ਬਣਦਾ, ਇਸਦਾ ਅਤੀਤ ਤੱਕ ਪਰਵਾਹ ਬਹੁਤ ਵਿਸਤ੍ਰਿਤ ਹੁੰਦਾ ਹੈ ਤੇ ਇਸਨੂੰ ਬਦਲਣਾ ਵੀ ਇੰਨਾ ਸੌਖਾ ਨਹੀਂ ਹੁੰਦਾ, ਸਗੋਂ ਉਹ ਕੁਝ ਤਲਾਸ਼ ਕਰਨਾ, ਜਿਸ ਨਾਲ ਇਸ ਵਿਚ ਪਰਿਵਰਤਨ ਵਾਪਰੇ, ਇਸ ਨੂੰ ਕਰਾਂਤੀਸ਼ੀਲ ਬਣਾਇਆ ਜਾ ਸਕੇ, ਇਹ ਵੀ ਇੰਨਾ ਸਹਿਜ ਨਹੀਂ ਹੁੰਦਾ। ਵਿਅਕਤੀਗਤ ਪੱਧਰ ਤੇ ਮਨੁੱਖ ਦੀ ਚੇਤਨਾ ਵਿਚ ਨਵੀਆਂ ਗੱਲਾਂ ਦਾ ਸੰਚਾਰ ਕੀਤਾ ਜਾ ਸਕਦਾ ਹੈ, ਪਰ ਉਸ ਤੋਂ ਸਮੂਹਕ ਅਵਚੇਤਨ ਬਿਲਕੁਲ ਵੱਖਰਾ ਹੈ। ਅਵਚੇਤਨ ਦਾ ਕੋਈ ਅਜਿਹਾ ਸਰੂਪ ਨਹੀਂ, ਜਿਸਨੂੰ ਦੇਖਿਆ ਜਾ ਸਕੇ ਤੇ ਸਮੂਹਕ ਅਵਚੇਤਨ ਦੀਆਂ ਕੁਝ ਤੰਦਾਂ ਫੜੀਆਂ ਜਾ ਸਕਦੀਆਂ ਹਨ, ਕਿਉਂਕਿ ਉਸ ਅਵਚੇਤਨ ਨਾਲ ਇਕ ਸਮੂਹ ਜੁੜ ਗਿਆ ਹੁੰਦਾ ਹੈ। ਵੀਜ ਨੇ ਆਖਿਆ ਸੀ–



"Such complexes grow out of the subconscious and invade the conscious mind with their weird and unassaible convictions and impulses. To my merit it is a fatal mistake to regard the human psyche as a purely personal affair and to explain it exclusively from a personal point of view. Such a mode of explanation is only applicable to the individual in this ordinary everyday occupation and relationships."

ਅਵਚੇਤਨ ਦੇ ਸੰਕਲਪ ਬਾਰੇ ਲਾਕਾਂ ਜਾਂ ਉਸ ਤੋਂ ਪਾਰ ਆਉਦਿਆਂ ਅਨੇਕਾਂ ਪਰਿਵਰਤਨ ਵਾਪਰੇ ਹਨ, ਪਰ ਉਸ ਸਾਰੇ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ ਤੇ ਨਾ ਹੀ ਕਦੀ ਮਨੋ–ਵਿਗਿਆਨੀਆਂ ਵਾਂਗ ਅਵਚੇਤਨ ਨੂੰ ਨਾ ਮੰਨਦੇ ਚੇਤਨ ਹੀ ਕਹਿਣਾ ਚਾਹੁੰਦਾ ਹਾਂ। ਮੈਂ ਤਾਂ ਇਹ ਸਵੀਕਾਰ ਕਰਕੇ ਤੁਰ ਰਿਹਾ ਹਾਂ ਕਿ ਸਮੂਹਕ ਅਵਚੇਤਨ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ ਤੇ ਇਹ ਵੀ ਮੰਨਣਾ ਚਾਹੀਦਾ ਹੈ ਕਿ ਸਮੂਹਕ ਅਵਚੇਤਨ ਦਾ ਸਬੰਧ ਇਕ ਖੜੋਤ ਦੀ ਸਥਿਤੀ ਨਾਲ ਨਹੀਂ, ਸਗੋਂ ਉਸ ਵਿਚ ਕਈ ਰੂਪਾਂ ਵਿਚ ਪਰਿਵਰਤਨ ਵਾਪਰਨ ਦੀ ਸੰਭਾਵਨਾ ਰਹਿੰਦੀ ਹੈ। ਇਹ ਰੂਪਾਂਤਰਨ ਕਿਵੇਂ ਵਾਪਰਦੇ ਹਨ ? ਇਹ ਪ੍ਰਕਿਰਿਆ ਇੰਨੀ ਸਹਿਜ ਨਹੀਂ, ਇਸਨੂੰ ਇਤਿਹਾਸ, ਸਭਿਆਚਾਰ ਜਾਂ ਸਾਹਿਤ ਦੀ ਕੋਈ ਟੈਕਸਟ ਲੈ ਕੇ ਵਧੇਰੇ ਚੰਗੀ ਤਰਾਂ ਸਮਝਿਆ ਜਾ ਸਕਦਾ ਹੈ।

ਸਮੂਹਕ ਅਵਚੇਤਨ ਨਾਲ ਧਰਮ, ਵਿਸ਼ਵਾਸ, ਮਿੱਥਾਂ, ਅਨੁਸ਼ਠਾਨ ਇਹ ਸਭ ਕੁਝ ਸਬੰਧਤ ਹੁੰਦੇ ਹਨ। ਹਰ ਸਮਾਜ, ਸਭਿਆਚਾਰ ਕੋਲ ਇਕ ਗਿਆਨ ਦੀ ਪ੍ਰਕਿਰਿਆ ਜਾਂ ਗਰੰਥ ਵੀ ਹੁੰਦੇ ਹਨ, ਸਹਿਜੇ ਹੀ ਇਹ ਸੁਆਲ ਕੀਤਾ ਜਾ ਸਕਦਾ ਹੈ ਕਿ ਕੀ ਇਹਨਾਂ ਦਾ ਉਸ ਸਮਾਜ ਜਾਂ ਸਭਿਆਚਾਰ ਦੇ ਸਮੂਹਕ ਅਵਚੇਤਨ ਨਾਲ ਕੋਈ ਸੰਬੰਧ ਨਹੀਂ ਹੁੰਦਾ ? ਅਵੱਸ਼ ਹੁੰਦਾ ਹੈ, ਪਰ ਉਹਨਾਂ 'ਚੋਂ ਸਿਧੇ ਸਿੱਧੇ ਤੌਰ ਤੇ ਸਮੂਹਕ ਅਵਚੇਤਨ ਨੂੰ ਨਹੀਂ ਪ੍ਰੜਿਆ ਜਾ ਸਕਦਾ, ਹਾਲਾਂ ਕਿ ਉਹ ਰੁਪਾਂਤਰਨ ਇਸ ਟੈਕਸਟ ਨੇ ਹੀ ਪ੍ਰਦਾਨ ਕਰਨੇ ਹੁੰਦੇ ਹਨ, ਜਿਹਨਾਂ ਨੇ ਸਮੂਹਕ ਅਵਚੇਤਨ ਵਿਚ ਬਹੁਤ ਕੁਝ ਨਵਾਂ ਘੋਲ ਦੇਣਾ ਹੁੰਦਾ ਹੈ, ਜਿਸ ਨਾਲ ਅਦਿਖ ਪ੍ਰਕਿਰਿਆ ਵਿਚ ਵਿਚਾਰਧਾਰਨ ਤਬਦੀਲੀਆਂ ਵਰਤਣ ਦੀਆਂ ਸੰਭਾਵਨਾਵਾਂ ਪੈਦਾ ਹੁੰਦੀਆ ਹਨ।

ਮੈਂ ਭਾਰਤੀ ਸਮੂਹਕ ਅਵਚੇਤਨ ਜੋ ***ਦਸਮ ਗ੍ਰੰਥ*** ਤੋਂ ਪਹਿਲਾਂ ਪਰਵਾਹਤ ਸੀ ਜਾਂ ਉਸ ਵਿਚ ਕਦੇ ਕਦੇ ਕਿਸ ਤੌਰ ਵਿਚ ਰੂਪਾਂਤਰਨ ਵਾਪਰੇ ਸਨ, ਉਹਨਾਂ ਸਭ ਦਾ ਉਲੇਖ ਨਹੀਂ ਕਰਨਾ ਚਾਹੁੰਦਾ। ਸਗੋਂ ਇਸ ਵਿਚੋਂ ਕੁਝ ਗੱਲਾਂ ਦੀ ਹੀ ਚਰਚਾ ਕਰਨਾ ਚਾਹੁੰਦਾ ਹਾਂ।

ਭਾਰਤੀ ਸਮੂਹਕ ਅਵਚੇਤਨ ਨੂੰ ਪੁਰਾਣੇ ਸਮੇਂ ਤੋਂ ਹੀ ਇਸ ਫੋਕਲੋਰ ਨੇ ਵੀ ਬਣਾਇਆ ਅਤੇ ਬਾਕੀ ਧਾਰਮਿਕ, ਦਾਰਸ਼ਨਿਕ ਤੇ ਸਾਹਿਤ ਟੈਕਸਟ ਨੇ ਵੀ। ਇਹ ਟੈਕਸਟ ਵੇਦਾਂ, ਉਪਨਿਸ਼ਦਾਂ ਤੋਂ ਉਪ੍ਰੰਤ ਦੇ ਵੇਦਾਂਤ–ਅਦ੍ਵੈਤ, ਪਤੰਜਲੀ ਯੋਗ ਵਿਸ਼ਿਟਾਂ ਦ੍ਵੈਤ, ਵਿਸ਼ਿਸ਼ਿਟਾਦਵੈਤ, ਨਿੰਬਾਰਕ ਦੇ ਦ੍ਵੈਤਾਦ੍ਵੈਤ, ਵੱਲਭ ਦੇ ਸ਼ੁੱਧ ਦ੍ਵੈਤ ਜਾਂ ਉਹਨਾਂ ਤੋਂ ਪਾਰ ਵੀ ਪਰਵਾਹਤ ਹੁੰਦੀ ਹੈ। ਬ੍ਰਹਮ, ਮਾਇਆ, ਪ੍ਰਕਿਰਤੀ, ਪੁਰਸ਼, ਚਿੱਤ, ਅਚਿੱਤ, ਆਤਮਾ, ਮਨ, ਹੋਰ ਅਨੇਕਾਂ ਪ੍ਰਸ਼ਨ ਗਿਆਨ–ਪ੍ਰਕਿਰਿਆ ਦਾ ਹਿੱਸਾ ਬਣੇ, ਜਿਹਨਾਂ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਕੇਵਲ ਚੇਤਨਾ ਤੱਕ ਹੀ ਸੀਮਤ ਰਹੇ, ਸਗੋਂ ਇਹਨਾਂ 'ਚੋਂ ਬਹੁਤ ਕੁਝ ਆਪਣੇ ਕਈ ਕਿਸਮ ਦੇ ਰੂਪ ਤੱਕ ਹੀ ਸੀਮਤ ਸਮੂਹਕ ਅਵਚੇਤਨ ਦਾ ਹਿੱਸਾ ਬਣ ਗਿਆ। ਇਸ ਪ੍ਰਕਿਰਿਆ ਵਿਚ ਹੀ ਬਹੁਤ ਕੁਝ ਪੌਰਾਣ ਜਾਂ ਮਿੱਥ ਰਾਹੀਂ ਸਮਝਾਇਆ ਗਿਆ, ਮਿੱਥ ਸਮੂਹਕ ਅਵਚੇਤਨ ਨੂੰ ਜੋੜਨ ਵਿਚ ਸਭ ਤੋਂ ਵੱਧ ਸਹਾਇਕ ਹੁੰਦੀ ਹੈ। ਮਿੱਥ ਸਮੂਹਕ ਵਿਸ਼ਵਾਸ ਬਣਾਉਂਦੀ ਹੈ।

ਇਸ ਲਈ ਮੇਰੇ ਸਾਹਮਣੇ ਪਹਿਲਾ ਪ੍ਰਸ਼ਨ ਇਹੀ ਹੈ ਕਿ ਜਦੋਂ ***ਸ੍ਰੀ ਗੁਰੂ ਗ੍ਰੰਥ ਸਾਹਿਬ*** ਦਾ ੧ੳ ਦਾ ਸੰਕਲਪ ਸਾਹਮਣੇ ਆਉਂਦਾ ਹੈ ਜਾਂ ਮਿੱਥ ਚੇਤਨਾ ਨਾਲ ਗੁਰਬਾਣੀ ਦਾ ਸਰੋਕਾਰ ਕਾਇਮ ਹੁੰਦਾ ਹੈ ਕਿ ਕੀ ਗੁਰਬਾਣੀ ਮਿੱਥ ਨੂੰ ਰੱਦ ਕਰ ਦਿੰਦੀ ਹੈ ? ਗੁਰਬਾਣੀ ਭਾਰਤੀ ਸਮੂਹਕ ਅਵਚੇਤਨ ਨੂੰ ਰੂਪਾਂਤ੍ਰਿਤ ਕਰਨ ਲਈ ਮਿੱਥ ਨੂੰ ਸਭ ਤੋਂ ਵੱਡਾ ਮਾਧਿਅਮ ਬਣਾਉਂਦੀ ਹੈ ? ਜਦੋਂ ਅਸੀਂ ਬ੍ਰਹਮ ਬਾਰੇ ਸਗੁਣ ਦੀ ਥਾਂ ਨਿਗੁਣ ਨੂੰ ਵੀ ਅਪਨਾਉਂਦੇ ਹਾਂ ਤੇ ਸਾਰੇ ਮਿੱਥ ਸੰਸਾਰ ਨੂੰ ਉਸ ਨਿਗੁਣ ਦੇ ਅੰਤਰਗਤ ਕਰਦੇ ਹਾਂ ਤਾਂ ਅਸੀਂ ਮਿੱਥ ਦੀ ਨਿਘਾਰ ਤੋਂ ਇਨਕਾਰ ਨਹੀਂ ਕਰ ਰਹੇ। ਇਸ ਗੱਲ ਵਲੋ ਕਾਫੀ ਧਿਆਨ ਦੇਣ ਦੀ ਲੋੜ ਹੈ। ਆਮ ਤੌਰ ਤੇ ਅਸੀ ਇਹ ਗੱਲ ਤਾਂ ਇਸ ਕਰਕੇ ਕਹਿੰਦੇ ਹਾਂ ਕਿ ਮਿੱਥ ਦਾ ਸਬੰਧ ਪੌਰਾਨਿਕ ਹਿੰਦੂ ਧਰਮ ਨਾਲ ਹੈ ਤੇ ਗੁਰਬਾਣੀ ਇਸਨੂੰ ਰੱਦ ਕਰ ਦਿੰਦੀ ਹੈ। ਵਧੇਰੇ ਵਿਸਥਾਰ ਨਾਲ ਗੁਰੂ ਨਾਨਕ ਦੇਵ ਜੀ ਦੀਆਂ ਵਾਰ ਮਲ੍ਹਾਰ ਦੀਆਂ ਸਤਰਾਂ ਹੀ ਚੁਣ ਲਈਏ–

***ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ।***
***ਬ੍ਰਹਮੇ ਦਿਤੇ ਬੇਦ ਪੂਜਾ ਲਾਇਆ।***
***ਦਸ ਅਵਤਾਰੀ ਰਾਮੁ ਰਾਜ ਆਇਆ।***
***ਦੈਤਾ ਮਾਰੇ ਧਾਇ ਹੁਕਮਿ ਸਬਾਇਆ।***
***ਈਸ ਮਹੇਸੁਰਨ ਸੇਵ ਤਿਨੀ ਅੰਤ ਨ ਪਾਇਆ।***

ਗੁਰਬਾਣੀ ਸੰਚਾਰਦੀ ਹੈ ***"ਥਾਪਿਆ ਨਾ ਜਾਇ, ਕੀਤਾ ਨਾ ਹੋਇ, ਆਪੈ ਆਪ ਨਿਰੰਜਨੁ ਸੋਇ" (ਜਪੁਜੀ ਸਾਹਿਬ)*** ਇਸ ਲਈ ਸਾਰੇ ਮਿੱਥ–ਜਗਤ ਨੂੰ ਮਿੱਥ ਦੇ ਤੌਰ ਤੇ ਹੀ ਲੈਂਦੀ ਹੈ, ਗੱਲ ਸਿਰਫ ਇੰਨੀ ਹੀ ਨਹੀਂ ਕਿ ਬ੍ਰਹਮਾ, ਬਿਸਨੁ, ਮਹੇਸ਼, ਈਸ ਮਹੇਸਰੁ ਦੀ ਸੇਵ ਕਿਵੇਂ ਕਰ ਰਹੇ ਹਨ, ਗੱਲ ਇਹ ਵੀ ਹੈ ਕਿ ਇਹ ਮਿੱਥ ਜਗਤ ਇਸ ਗੱਲ ਨੂੰ ਸੰਚਰਿਤ ਕਰਨ ਦਾ ਮਾਧਿਅਮ ਹੈ। ਇਸ ਲਈ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰਬਾਣੀ ਇਸ ਗੱਲ ਨੂੰ ਸਵੀਕਾਰ ਕਰਦੀ ਹੈ ਕਿ ਭਗਤੀ ਸਮੂਹਕ ਅਵਚੇਤਨ ਮਿੱਥ ਨਾਲ ਬੜੀ ਡੂੰਘੀ ਤਰਾਂ ਜੁੜਿਆ ਹੋਇਆ ਹੈ। ਬਾਕੀ (player) ਸਮਾਜਕ ਢਾਂਚੇ ਦੀਆਂ ਵਿਹਾਰਕ ਗੱਲਾਂ ਵਿਸ਼ਵਾਸ, ਅਨੁਸ਼ਠਾਨ ਵੀ ਮੂਲ ਤੌਰ ਤੇ ਇਸੇ ਮਿੱਥ–ਸੰਸਾਰ ਨਾਲ ਜੁੜੇ ਹੋਏ ਹਨ।

ਪਰ ਇਸ ਗੱਲ ਨੂੰ ਸਭ ਤੋਂ ਵੱਧ ਸਮਝਿਆ ਗਿਆ ***ਦਸਮ ਗ੍ਰੰਥ*** ਵਿਚ। ਉਸ ਤੋਂ ਪਹਿਲਾਂ ਤਾਂ ਇਸ ਗੱਲ ਤੇ ਵਧੇਰੇ ਜ਼ੋਰ ਸੀ ਕਿ ਸਮੂਹਕ ਅਵਚੇਤਨ ਨਾਲ ਜੁੜੇ ਉਸ ਮਿੱਥ ਜਗਤ ਨੂੰ ਪਰਮ ਰੂਪ ਵਿਚ ਨਹੀਂ ਲਿਆ ਜਾ ਸਕਦਾ। ਦੇਵੀ ਦੇਵਤੇ ਆਪ ਬ੍ਰਹਮ ਨਹੀਂ ਹਨ, ਸਰਬ–ਸ਼ਕਤੀਮਾਨ ਨਹੀਂ ਹਨ। ਹਾਲਾਂ ਕਿ ਕਈ ਵਾਰ ਇਹ ਮਿੱਥ ਜਗਤ ਜਾਂ ਅਵਚੇਤਨ ਨੂੰ ਤੋੜਨ ਵਾਲੀਆਂ ਦਰਿਸ਼ਟੀਆਂ ਸਾਹਮਣੇ ਆਈਆਂ। ਜੈਨ ਮੱਤ ਨੇ ਇਸ ਗੱਲ ਨੂੰ ਸੰਚਾਰਿਆ ਕਿ "ਦੇਵਤੇ ਜਿਹਨਾਂ ਨੂੰ ਬਲੀਆਂ ਦੁਆਰਾ ਪ੍ਰਸੰਨ ਕੀਤਾ ਜਾਂਦਾ ਹੈ, ਉਹਨਾਂ ਦੀ ਪਦਵੀ ਮਨੁੱਖਾਂ ਨਾਲੋਂ ਨੀਵੀਂ ਹੈ। ਉਹਨਾਂ ਨੂੰ ਵੀ ਮੁਕਤੀ ਪ੍ਰਾਪਤ ਕਰਨ ਲਈ ਮਨੁੱਖੀ ਸਰੀਰ ਵਿਚ ਆਉਣਾ ਪੈਂਦਾ ਹੈ।" ਪਰ ਬ੍ਰਾਹਮਣਵਾਦ ਦੇ ਪਰਛਾਵੇਂ ਤੇ ਦਮਨ ਨੇ ਭਾਰਤੀ ਸਮੂਹਕ ਅਵਚੇਤਨ ਬਨਣ ਦੀਆਂ ਜੋ ਸਥਿਤੀਆਂ ਪੈਦਾ ਕੀਤੀਆਂ ਸਨ, ਉਹਨਾਂ ਤੇ ਤਿੱਖਾ ਪਰਹਾਰ ***ਗੁਰੂ ਗ੍ਰੰਥ ਸਾਹਿਬ*** ਦੀ ਬਾਣੀ ਅਤੇ ਸਿੱਖ ਲਹਿਰ ਵਿਚ ਆ ਕੇ ਹੀ ਸੰਭਵ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਇਸ ਗੱਲ ਨੂੰ ਸਭ ਤੋਂ ਵੱਧ ਅਪਨਾ ਲੈਂਦੇ ਹਨ, ਕਿ ਜੇ ਭਾਰਤ ਵਿਚ ਕੋਈ ਸਭਿਆਚਾਰਕ ਇਨਕਲਾਬ ਲਿਆਉਣਾ ਹੈ ਤਾਂ ਭਾਰਤੀ ਸਮੂਹਕ ਅਵਚੇਤਨ ਨੂੰ ਰੂਪਾਂਤ੍ਰਿਤ ਕਰਨਾ ਜ਼ਰੂਰੀ ਹੈ ਤੇ ਉਹ ਉਹਨਾਂ ਮਿੱਥਾਂ ਨੂੰ ਰੂਪਾਂਤ੍ਰਿਤ ਕਰ ਦਿੰਦੇ ਹਨ ਜੋ ਹਜ਼ਾਰਾਂ ਵਰ੍ਹਿਆਂ ਤੋਂ ਭਾਰਤੀ ਸਮੂਹਕ ਅਵਚੇਤਨ ਨਾਲ ਜੁੜੀਆਂ ਹੋਈਆਂ ਹਨ। ਅਰਥਾਤ ਚੰਡੀ ਦੀ ਮਿੱਥ, ਜਦੋਂ ***ਮਾਰਕੰਡੇ ਪੁਰਾਣ*** ਜਾਂ ਹੋਰ ਸਰੋਤਾਂ ਤੋਂ ਲੈ ਕੇ ਉਹ ਇਹ ਬਿਆਨ ਕਰਦੇ ਹਨ ਤਾਂ ਉਹ ਵੀ ਮਿੱਥ ਦੀ ਪਾਵਰ ਨੂੰ ਸਵੀਕਾਰਦੇ ਹਨ, ਪਰ ਉਸਦੇ ਰੂਪਾਂਤ੍ਰਨ ਨਾਲ ਉਹ ਸਹਿਜੇ ਹੀ ਉਸ ਪਾਸਾਰ ਦੀ ਸੀਮਾਂਟਿਕਸ ਨੂੰ ਬਦਲ ਦਿੰਦੇ ਹਨ, ਜਿਸ ਨੇ ਸਮੂਹ ਦੀ ਮਾਨਸਿਕਤਾ ਦੇ ਨਵੇਂ ਭਵਿੱਖ ਮੁਖੀ ਅਰਥ ਪੈਦਾ ਕਰਨੇ ਹਨ। ਉਹ ***'ਚੰਡੀ ਚਰਿਤ੍ਰ ਉਕਤਿ ਬਿਲਾਸ'*** ਵਿਚ ਇਸੇ ਲਈ ਮਿੱਥ ਨੂੰ ਇਸ ਸੰਚਾਰ ਤੱਕ ਪਹੁੰਚਣ ਦਾ ਕੇਵਲ ਮਾਧਿਅਮ ਬਣਾਉਂਦੇ ਹਨ –

***ਦੇਹ ਸਿਵਾ ! ਬਰ ਮੋਹਿ ਇਹੈ, ਸਭ ਕਰਮਨ ਤੇ ਕਬਹੂੰ ਨਾ ਟਰੋਂ।***
***ਨਾ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ।***

ਚੰਡੀ–ਦੁਰਗਾ ਦੀ ਮਿੱਥ ਭਾਰਤੀ ਅਵਚੇਤਨ ਨਾਲ ਸਭ ਤੋਂ ਵੱਧ ਜੁੜੀ ਹੋਈ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਇਸੇ ਲਈ ਇਸ ਬਾਰੇ ਬਾਰ ਬਾਰ ਕਈ ਰੂਪਾਂ ਵਿਚ ਲਿਖਦੇ ਹਨ। ਉਹ ਜਾਣਦੇ ਹਨ ਕਿ ਜੇ ਭਾਰਤ ਵਿਚ ਸਭਿਆਚਾਰਕ ਪਰਿਵਰਤਨ ਲਿਆਉਣਾ ਹੈ ਤਾਂ ਇਸ ਮਿੱਥ ਨੂੰ ਨਵੇਂ ਅਰਥ ਦੇਣੇ ਜ਼ਰੂਰੀ ਹਨ। ਉਹ ਚੇਤੰਨਭ੍ਰਾਂਤੀ ਦਾ ਮਾਡਲ ਨਹੀਂ ਦਿੰਦੇ। ਮਿੱਥ ਦਾ ਰੂਪਾਂਤ੍ਰਨ ਕਰਕੇ ਭਾਰਤੀ ਸਭਿਆਚਾਰ ਦੇ ਸਾਰੇ ਅਵਚੇਤਨ ਨੂੰ ਸਦੀਵੀ ਤੌਰ ਤੇ ਬਦਲ ਦੇਣਾ ਚਾਹੁੰਦੇ ਹਨ। ***'ਅਕਾਲ ਉਸਤਤਿ'*** ਵਿਚ 201 ਤੋਂ 220ਵੇਂ ਬੰਦ ਤੱਕ ***'ਮਹਿਖਾਸੁਰ ਮਰਦਨ'*** ਦੇਵੀ ਬਿਰਤਾਂਤ ਹੈ, ਪਰ ਦੇਵੀ ਮਿਥਕ–ਚਿਹਨ ਦੇ ਤੌਰ ਤੇ ਹੀ ਚਿਤਰਣ ਵਿਚ ਆਉਂਦੀ ਹੈ। ਜਿਸ ਅਕਾਲ ਪੁਰਖ ਦੀ ਉਹ ਜੈ ਜੈ ਕਾਰ ਕਰਦੇ ਹਨ ਸਭ ਕੁਝ ਉਸਦਾ ਸਿਰਜਿਆ ਹੋਇਆ ਹੈ। ਭਾਵੇਂ ਉਹ ਦੇਵ ਹਨ, ਭਾਵੇਂ ਦਾਨਵ ਹਨ। ਉਹ ਤ੍ਰਿਮਾਨ ਹੈ। ਨਿਧਾਨ ਹੈ। ਤ੍ਰਿਬਰਤਾ ਹੈ। ਅਸਰਜ ਹੈ। ਅਜਾਦਿ ਹੈ। ਅਜਨਮ ਹੈ।

ਇਸੇ ਰੂਪਾਂਤ੍ਰਨ ਨੇ ਭਾਰਤੀ ਸਮੂਹਕ ਅਵਚੇਤਨ ਨੂੰ ਸਰਲ ਤੇ ਸਹਿਜ ਬਣਾਉਣ ਵਿਚ ਬਹੁਤ ਮਦੱਦ ਦਿੱਤੀ ਜਾਂ ਇਹ ਸਰਲ ਤੇ ਸਹਿਜ ਹੋਣ ਦਾ ਇਕ ਸੰਕਲਪ ਪੈਦਾ ਕੀਤਾ। ਇਸ ਤੋਂ ਪਹਿਲਾਂ ਇਸ ਸਮੂਹਕ ਅਵਚੇਤਨ ਵਿਚ ਅਜਿਹੇ ਤਨਾਉ ਤੇ ਵਿਰੋਧ ਪਚੇ ਸਨ ਜੋ ਉਸਨੂੰ ਸਥਿਰ ਰੱਖ ਰਹੇ ਸਨ, ਵਧੇਰੇ ਗਤੀਸ਼ੀਲ ਨਹੀਂ ਸੀ ਹੋਣ ਦੇ ਰਹੇ। ਪਰ ***ਦਸਮ ਗ੍ਰੰਥ*** ਨੇ ਇੰਨੇ ਵਿਸਥਾਰ ਨਾਲ ਇਹਨਾਂ ਚਿਹਨਾਂ ਨੂੰ ਰੂਪਾਂਤ੍ਰਿਤ ਕੀਤਾ ਜੇ ਇਹਨਾਂ ਦਾ ਵਿਸਥਾਰ ਕਾਇਮ ਕਰਨ ਲੱਗੀਏ ਤਾਂ ਬਹੁਤ ਹੈ। "ਵਿਸ਼ਨੂੰ, ਸ਼ਿਵ, ਕ੍ਰਿਸ਼ਨ, ਜੋਗੀ, ਭੋਗੀ, ਚੰਦ, ਸੂਰਜ, ਨਿਹਕਲੰਕੀ, ਲੋਕ ਮਾਤਾ, ਕਲਕਰਮੀ, ਪ੍ਰਿਥਵੀ, ਈਸ਼ਵਰ, ਬ੍ਰਹਮ, ਦੇਵਤੇ, ਦੈਂਤ, ਦਾਨਵ, ਨਰਕ, ਸਵਰਗ, ਮਾਇਆ, ਭਵਾਨੀ, ਰੁਦ੍ਰ ਚੌਦਾਂ ਲੋਕ, ਉਪਇੰਦਰ ਇੰਦ੍ਰ, ਚਾਰ ਖਾਣੀਆਂ, ਜੱਛ, ਗੰਧਰਵ, ਕਿੰਨਰ, ਪਿਸਾਚ, ਪ੍ਰੇਤ, ਸਾਰਦਾ, ਮੰਗਲਾ, ਮ੍ਰਿੜਾਨੀ, ਅੰਡ, ਬ੍ਰਹਮਿੰਡ, ਨਾਗ, ਨਾਰਾਇਣ, ਗੋਪੀ, ਅਸੁਵਨੀ, ਦੁਰਯੋਧਨ, ਦੇਵ ਕੰਨਿਆ, ਅੱਛਰਾ, ਮੱਛਰਾ, ਪੱਛਰਾ, ਕੁਬੇਰ, ਸ਼ੈਵ, ਨਾਰਦ, ਰਾਮ, ਦੁਰਗਾ, ਈਸ਼ਵਰੀ, ਸ ਰਸਵਤੀ, ਸਤੀ, ਨੀਲ–ਕੰਠ ਆਦਿ। ਵੇਦ ਪੁਰਾਣ ਸ਼ਾਸਤਰ, ਸਿਮਰਤੀਆ, ਗਣੇਸ਼, ਪ੍ਰਹਿਲਾਦ, ਆਕਾਸ਼ ਗਣਿਕਾ – ਇਹ ਸਭ ਉਹ ਪੌਰਾਨਿਕ ਪ੍ਰਸੰਗ ਹਨ ਜਿਹਨਾਂ ਦੇ ਭਾਰਤੀ ਸਮੂਹਕ–ਚੇਤਨਾ ਵਿਚ ਜੁੜੇ ਵਿਸ਼ਵਾਸਾਂ ਨੂੰ ***ਦਸਮ ਗ੍ਰੰਥ*** ਅਕਾਲ ਪੁਰਖ ਦੇ ਇਕ ਸੰਕਲਪ ਨਾਲ ਰੂਪਾਂਤ੍ਰਿਤ ਕਰ ਦਿੰਦਾ ਹੈ ਤੇ ਇਉਂ ਕਰਦਾ ਇਹਨਾਂ ਦੀ ਹੋਂਦ ਨਹੀਂ, ਇਹਨਾਂ ਨੂੰ ਕੇਵਲ ਚਿਹਨ ਬਣਾ ਦਿੰਦਾ ਹੈ। ਜਿਥੇ ਉਹ ਸਾਹਿਤਕ ਤੇ ਸਭਿਆਚਾਰਕ ਟੈਕਸਟ ਦੀ ਕੇਵਲ ਭਾਸ਼ਾ ਰਹਿ ਜਾਂਦੇ ਹਨ। ਇਕ ਸਭਿਆਚਾਰ ਦੇ ਵਿਸ਼ਵਾਸਾਂ ਤੇ ਅਨੁਸ਼ਠਾਨਾਂ ਨੂੰ ਟੈਕਸਟ ਦੇ ਕੇਵਲ ਚਿਹਨ ਬਣਾ ਦੇਣਾ ਛੋਟਾ ਜਿਹਾ ਕੰਮ ਨਹੀਂ ਸੀ।

*****************************